get ready QUEENSLAND

# ਆਪਣੇ ਪਾਲਤੂ ਜਾਨਵਰਾ ਦੀ ਐਮਰਜੈਂਸੀ ਯੋਜਨਾ ਬਣਾਓ

Queensland Government

ਅਸੀਂ ਕਵੀਂਸਲੈਂਡ ਵਿੱਚ ਵਧੀਆ ਵਾਤਾਵਰਨ ਅਤੇ ਜੀਵਨਸ਼ੈਲੀ ਦਾ ਆਨੰਦ ਮਾਣਦੇ ਹਾਂ। ਹਾਲਾਂਕਿ ਕੁਦਰਤੀ ਖਤਰੇ ਜਿਵੇਂ ਕਿ ਝੱਖੜ, ਤੂਫ਼ਾਨ ਅਤੇ ਹੜ੍ਹ ਸਾਡੇ ਵਾਤਾਵਰਨ ਦੇ ਅਟੱਲ ਹਿੱਸੇ ਹਨ। ਇਤਿਹਾਸਕ ਘਟਨਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਸੀਂ ਇਹਨਾਂ ਤੋਂ ਹੋਣ ਵਾਲੇ ਖਤਰਿਆਂ ਪ੍ਰਤੀ ਲਾਪਰਵਾਹ ਨਹੀਂ ਹੋ ਸਕਦੇ।

### ਹੁਣ ਐਮਰਜੈਂਸੀ ਨਾਲ ਨਿਪਟਣ ਲਈ ਤਿਆਰ ਰਹੋ:

- ਆਪਣੇ ਘਰ ਨੂੰ ਤਿਆਰ ਕਰੋ;
- ਆਪਣੀ ਪਾਲਤੂ ਜਾਨਵਰਾ ਦੀ ਐਮਰਜੈਂਸੀ ਯੋਜਨਾ ਅਤੇ ਪਾਲਤੂ ਜਾਨਵਰਾ ਦੀ ਐਮਰਜੈਂਸੀ ਕਿਟ ਤਿਆਰ ਕਰੋ;
- ਆਪਣੀ ਘਰੇਲੂ ਐਮਰਜੈਂਸੀ ਯੋਜਨਾ ਤਿਆਰ ਕਰੋ;
- ਤੁਹਾਡੇ ਘਰ ਦੇ ਸਦੱਸਾਂ ਨੂੰ ਨਿਕਾਸ ਲਈ ਅਤੇ ਆਪਣੀ ਨਿਕਾਸ ਕਿਟ ਤਿਆਰ ਕਰੋ ਅਤੇ
- ਰੇਡੀਓ ਅਤੇ ਟੀਵੀ ਤੇ ਚੇਤਾਵਨੀਆਂ ਸੁਣੋ।

ਜਿਵੇਂ ਸਾਨੂੰ ਐਮਰਜੈਂਸੀ ਜਾਂ ਸੰਕਟ ਵੇਲੇ ਸਾਡੇ ਪਰਿਵਾਰ ਅਤੇ ਘਰ ਨੂੰ ਤਿਆਰ ਕਰਨ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਸਾਡੇ ਪਾਲਤੂ ਜਾਨਵਰਾਂ ਨੂੰ ਤਿਆਰ ਕਰਨਾ ਹੁੰਦਾ ਹੈ। ਤੁਹਾਡੇ ਪਾਲਤੂ ਜਾਨਵਰ ਤੁਹਾਡੇ ਘਰ ਦਾ ਹਿੱਸਾ ਹਨ, ਹੁਣੇ ਤਿਆਰੀ ਕਰਨ ਨਾਲ ਤੁਸੀਂ ਤੁਹਾਡੀ ਘਰੇਲੂ ਤਿਆਰੀ ਯੋਜਨਾ ਵਿੱਚ ਤੁਹਾਡੇ ਘਰ ਦੇ ਪਾਲਤੂ ਜਾਨਵਰਾਂ ਦੀਆਂ ਲੋੜਾਂ ਨੂੰ ਯਕੀਨੀ ਬਣਾ ਕੇ ਉਹਨਾਂ ਦੀ ਸੁਰੱਖਿਆ ਅਤੇ ਸੇਹਤ ਵਿੱਚ ਸੁਧਾਰ ਕਰ ਸਕਦੇ ਹੋ।

ਹਾਲਾਂਕਿ ਹਰੇਕ ਜਾਨਵਰ ਦੀਆਂ ਲੋੜਾਂ ਵੱਖ ਹੁੰਦੀਆਂ ਹਨ, ਤੁਹਾਨੂੰ ਆਪਣੇ ਹਾਲਾਤ ਅਤੇ ਖੇਤਰ ਦੇ ਹਿਸਾਬ ਨਾਲ ਬੇਹਤਰ ਯੋਜਨਾ ਬਣਾਉਣੀ ਹੋਵੇਗੀ।

ਆਪਣੇ ਸਥਾਨਕ ਪਰਿਸ਼ਦ ਅਤੇ ਹੋਰ ਏਜੰਸੀਆਂ ਤੋਂ ਪਤਾ ਕਰੋ ਕਿ ਸੰਭਾਵਿਤ ਖਤਰੇ ਕੀ ਹਨ ਅਤੇ ਵੱਡੀਆਂ ਐਮਰਜੈਂਸੀਆਂ ਜਾਂ ਸੰਕਟਾਂ ਦੇ ਦੌਰਾਨ ਜਾਨਵਰਾਂ ਦੇ ਅਸਥਾਈ ਨਿਵਾਸ ਦੇ ਸੰਬੰਧ ਵਿੱਚ ਕੀ ਸਥਾਨਕ ਐਮਰਜੈਂਸੀ ਯੋਜਨਾਵਾਂ ਅਤੇ ਵਿਵਸਥਾਵਾਂ ਹਨ।

### ਤਿਆਰ ਰਹੋ

ਜੇਕਰ ਤੁਸੀਂ ਜਾਨਵਰਾਂ ਨੂੰ ਸੁਰੱਖਿਅਤ ਸਥਾਨ ਤੇ ਪਹੁੰਚਾਉਣ ਬਾਰੇ ਵਿਚਾਰ ਕਰ ਰਹੇ ਹੋ ਤਾਂ ਬੇਲੋੜੇ ਖਤਰੇ ਤੋਂ ਬਚਣ ਲਈ ਅਜਿਹਾ ਜਲਦੀ ਕਰੋ। ਹੋ ਸਕਦਾ ਹੈ ਅਸਥਾਈ ਨਿਕਾਸ ਨਿਵਾਸ ਵਿੱਚ ਤੁਹਾਡੇ ਪਾਲਤੂ ਜਾਨਵਰ ਨੂੰ ਨਾਲ ਲੈ ਕੇ ਜਾਣਾ ਸੰਭਵ ਨਾ ਹੋਵੇ, ਇਸਲਈ ਪਹਿਲਾਂ ਹੀ ਯੋਜਨਾ ਬਣਾਓ ਅਤੇ ਤਿਆਰ ਰਹੋ।

- ਐਮਰਜੈਂਸੀ ਤੋਂ ਪਹਿਲਾਂ ਹੀ ਜਾਨਵਰਾਂ ਨੂੰ ਅੰਦਰ ਸੁਰੱਖਿਅਤ ਕਰੋ ਤਾਂ ਜੋ ਉਹ ਉੜ ਜਾ ਭੱਜ ਨਾ ਜਾਣ।
- ਕਿਸੇ ਵੀ ਜਾਨਵਰ ਨੂੰ ਸੁਰੱਖਿਅਤ ਢੰਗ ਨਾਲ ਲੈ ਕੇ ਜਾਣ ਲਈ ਇੱਕ ਸੁਰੱਖਿਅਤ ਜਾਨਵਰ ਵਾਹਕ /ਪਿੰਜਰਾ, ਜ਼ੰਜੀਰ ਜਾਂ ਕਵਚ ਦਾ ਪ੍ਰਯੋਗ ਕਰੋ।
- ਇਹ ਯਕੀਨੀ ਬਣਾਓ ਕਿ ਸਾਰੇ ਟੀਕਾਕਰਨ ਹਾਲ ਦੇ ਹਨ।
- ਤੁਹਾਡੇ ਪਾਲਤੂ ਜਾਨਵਰ ਲਈ ਐਮਰਜੈਂਸੀ ਖੇਤਰ ਤੋਂ ਦੂਰ ਸੁਰੱਖਿਅਤ ਵਾਤਾਵਰਣ ਵਿੱਚ ਜਾਣਾ ਸੰਭਵ ਹੋ ਸਕਦਾ ਹੈ।
- ਜੇਕਰ ਤੁਸੀਂ ਤੁਹਾਡੇ ਪਾਲਤੂ ਜਾਨਵਰ ਨੂੰ ਅਸਥਾਈ ਪਾਲਣ ਘਰ ਵਿੱਚ ਛੱਡਣ ਦੇ ਯੋਗ ਹੋ ਤਾਂ ਇਹ ਯਕੀਨੀ ਬਣਾਓ ਕਿ ਪਾਲਣ ਘਰ ਵਿੱਚ ਉਹਨਾਂ ਨੂੰ ਤੁਹਾਡੇ ਪਾਲਤੂ ਜਾਨਵਰ ਦੀ ਚਿਕਿਤਸਾ ਅਤੇ ਭੋਜਨ ਸੰਬੰਧੀ ਜਾਣਕਾਰੀ, ਭੋਜਨ, ਦਵਾਈ ਅਤੇ ਹੋਰ ਸਮਾਨ ਨਾਲ ਦਿਓ।
- ਇਹ ਯਕੀਨੀ ਬਣਾਓ ਕਿ ਸਾਰੇ ਪਾਲਤੂ ਜਾਨਵਰਾਂ ਦੀ ਪੂਰੀ ਤਰ੍ਹਾਂ ਪਛਾਣ ਹੋਵੇ। ਯਾਦ ਰੱਖੋ ਕਿ ਸੰਕਟ ਦੇ ਸਮੇਂ ਹੋ ਸਕਦਾ ਹੈ ਟੇਲੀਫੋਨ ਚਾਲੂ ਨਾ ਰਹਿਣ ਅਤੇ ਤੁਹਾਡੇ ਵਰਤਮਾਨ ਪਤੇ ਸਮੇਤ ਕੋਈ ਰਜਿਸਟਰਡ ਤਰੀਕਾ ਹੋਣਾ ਜਰੂਰੀ ਹੈ।
- ਇੱਕ ਨਵਾਂ ਫੋਟੋ ਖਿੱਚੋ। ਇਹ ਤੁਹਾਨੂੰ ਕਨੂੰਨੀ ਮਾਲਕ ਦੇ ਤੌਰ ਤੇ ਅਸਾਨੀ ਨਾਲ ਪਛਾਨਣ ਵਿੱਚ ਸਹਾਇਕ ਹੋ ਸਕਦਾ ਹੈ।

### ਸਿੱਖਿਅਤ ਸਹਾਇਕ ਕੁੱਤੇ

ਜ਼ਿਆਦਾਤਰ ਮਾਮਲਿਆਂ ਵਿੱਚ, ਸਿੱਖਿਅਤ ਸਹਾਇਕ ਕੁੱਤਿਆਂ ਨੂੰ ਉਹਨਾਂ ਦੇ ਮਾਲਕਾਂ ਨਾਲ ਅਵਾਸ ਵਿੱਚ ਰਹਿਣ ਦੀ ਅਨੁਮਤੀ ਦਿੱਤੀ ਜਾਏਗੀ। ਸਵੀਕ੍ਰਿਤ ਕੁੱਤਿਆਂ ਦੀ ਪੂਰੀ ਤਰ੍ਹਾਂ ਪਛਾਣ ਅਤੇ ਟੀਕਾਕਰਨ ਦੇ ਸਬੂਤ ਦੀ ਲੋੜ ਹੋ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸਥਾਨਕ ਪਰਿਸ਼ਦ ਕੋਲੋਂ ਪਤਾ ਕਰੋ।

### ਜੇਕਰ ਤੁਹਾਡਾ ਪਾਲਤੂ ਜਾਨਵਰ ਕੁੱਤਾ ਜਾਂ ਬਿੱਲੀ ਨਹੀਂ ਹੈ ਤਾਂ ਕੀ ਕਰੋਗੇ?

ਹਾਲਾਂਕਿ ਘਰ ਵਿੱਚ ਪਾਲਤੂ ਜਾਨਵਰਾਂ ਵਿੱਚ ਆਮ ਤੌਰ ਤੇ ਕੁੱਤੇ, ਬਿੱਲੀਆਂ ਅਤੇ ਪੰਛੀ ਹੁੰਦੇ ਹਨ, ਸੁਝਾਈ ਗਈ ਜਾਣਕਾਰੀ ਘਰ ਦੇ ਸਾਰੇ ਪਾਲਤੂ ਜਾਨਵਰਾਂ ਦੀ ਐਮਰਜੈਂਸੀ ਯੋਜਨਾ ਲਈ ਪ੍ਰਯੋਗ ਕੀਤੀ ਜਾ ਸਕਦੀ ਹੈ।

ਜੇਕਰ ਤੁਹਾਡਾ ਪਾਲਤੂ ਜਾਨਵਰ ਇਸ ਸ਼੍ਰੇਣੀ ਵਿੱਚ ਨਹੀਂ ਹੈ, ਜਿਵੇਂ ਮੱਛੀਆਂ, ਸੱਪ, ਛੋਟੇ ਪਸ਼ੂ (ਸੂਰ, ਕੁੱਕੜ, ਬੱਕਰੀਆਂ, ਘੋੜੇ, ਗਊਆਂ ਅਤੇ ਭੇੜ), ਐਮਰਜੈਂਸੀ ਦੀਆਂ ਯੋਜਨਾਵਾਂ ਬਣਾਉਣ ਵਿੱਚ ਖਾਸ ਸਲਾਹ ਲਈ ਤੁਹਾਨੂੰ ਵਿਸ਼ੇਸ਼ ਏਜੰਸੀਆਂ ਨਾਲ ਸੰਪਰਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ ਜਿਵੇਂ ਕਵੀਂਸਲੈਂਡ ਪ੍ਰਾਇਮਰੀ ਇੰਡਸਟਰੀ ਅਤੇ ਫਿਸ਼ਰੀਜ (ਪਸ਼ੂ), ਆਰਐਸਪੀਸੀਏ, ਤੁਹਾਡੇ ਪਸ਼ੂ ਚਿਕੱਤਸਕ ਜਾਂ ਸਥਾਨਕ ਪਾਲਤੂ ਜਾਨਵਰਾ ਦੀ ਦੁਕਾਨ।

### ਪਾਲਤੂ ਜਾਨਵਰਾ ਦੀ ਐਮਰਜੈਂਸੀ ਕਿਟ

ਇਹ ਯਕੀਨੀ ਬਣਾਓ ਕਿ ਤੁਹਾਡੀ ਪਾਲਤੂ ਜਾਨਵਰਾ ਦੀ ਐਮਰਜੈਂਸੀ ਕਿਟ ਅਸਾਨੀ ਨਾਲ ਪਹੁੰਚਣਯੋਗ ਹੈ ਅਤੇ ਇਸ ਵਿੱਚ ਇਹ ਚੀਜਾਂ ਹਨ

- ਪਾਲਤੂ ਜਾਨਵਰਾਂ ਦੀਆਂ ਦਵਾਈਆਂ (ਦੋ ਹਫਤਿਆਂ ਲਈ), ਚਿਕਿਤਸਾ ਅਤੇ ਟੀਕਾਕਰਨ ਰਿਕਾਰਡ ਅਤੇ ਪਸ਼ੂ ਚਿਕੱਤਸਕ ਦੇ ਵੇਰਵੇ।
- ਹਰੇਕ ਜਾਨਵਰ ਲਈ ਦੋ ਹਫਤਿਆਂ ਤੱਕ ਦਾ ਕਾਫੀ ਮਾਤਰਾ ਵਿੱਚ ਭੋਜਨ ਅਤੇ ਪਾਣੀ (ਟ੍ਰੀਟ ਸਮੇਤ) ਅਤੇ ਪਾਣੀ (ਜਿਵੇਂ ਬੋਤਲ ਦਾ)। ਜੇਕਰ ਡੱਬੇ ਵਾਲਾ ਭੋਜਨ ਹੈ ਤਾਂ ਕੈਨ ਓਪਨਰ ਲੈਣਾ ਨਾ ਭੁੱਲੋ।
- ਪਾਲਤੂ ਜਾਨਵਰ ਲਈ ਇੱਕ ਗਿਆਤ ਕੰਬਲ ਜਾਂ ਬਿਸਤਰ, ਖਿਡੌਣੇ, ਨਹਾਣ-ਧੋਣ ਦਾ ਸਮਾਨ।
- ਕਿਸੇ ਵੀ ਜਾਨਵਰ ਨੂੰ ਸੁਰੱਖਿਅਤ ਢੰਗ ਨਾਲ ਲੈ ਕੇ ਜਾਣ ਲਈ ਇੱਕ ਸੁਰੱਖਿਅਤ ਜਾਨਵਰ ਵਾਹਕ, ਜ਼ੰਜੀਰ ਜਾਂ ਕਵਚ।
- ਆਪਣੇ ਪਾਲਤੂ ਜਾਨਵਰ ਦੀਆਂ ਸਫਾਈ ਸੰਬੰਧੀ ਲੋੜਾਂ ਦਾ ਧਿਆਨ ਰੱਖੋ, ਜੋ ਉਹਨਾਂ ਦੀ (ਅਤੇ ਤੁਹਾਡੀ) ਸੇਹਤ ਲਈ ਜ਼ਰੂਰੀ ਹਨ, ਜਿਵੇਂ ਅਖਬਾਰ, ਕੀਟਾਣੂਨਾਸ਼ਕ ਕਾਗਜ ਦੇ ਤੌਲੀਏ ਅਤੇ ਕੂੜੇ ਲਈ ਬੈਗ।
- ਪੰਛੀਆਂ ਨੂੰ ਰੋਜਾਨਾ ਭੋਜਨ ਦੀ ਲੋੜ ਹੁੰਦੀ ਹੈ – ਪੰਛੀਆਂ ਦੇ ਪਿੰਜਰਿਆਂ ਵਿੱਚ ਖਾਸ ਭੋਜਨ ਅਤੇ ਪਾਣੀ ਦੇ ਭਾਂਡੇ ਰੱਖੋ ਅਤੇ ਪਿੰਜਰੇ ਦਾ ਢੱਕਣ ਨਾਲ ਰੱਖ ਲਓ।
- ਜ਼ਰੂਰੀ ਟੈਲੀਫੋਨ ਨੰਬਰ ਜਿਵੇਂ ਤੁਹਾਡੇ ਪਸ਼ੂ ਚਿਕੱਤਸਕ, ਪਾਲਤੂ ਜਾਨਵਰ ਦੀ ਜਾਣਕਾਰੀ ਅਤੇ ਸਲਾਹਕਾਰ ਸੇਵਾਵਾਂ।
- ਪਛਾਣ ਵਿਧੀਆਂ ਦੇ ਵੇਰਵੇ
- ਪਛਾਣ ਮੰਤਵਾਂ ਲਈ ਨਵਾਂ ਫੋਟੋ।



### ਹਮੇਸ਼ਾ ਯਕੀਨੀ ਬਣਾਓ

- ਤੁਹਾਡੇ ਪਾਲਤੂ ਜਾਨਵਰ ਦੀ ਕਾਫੀ ਮਾਤਰਾ ਵਿੱਚ ਭੋਜਨ ਅਤੇ ਤਾਜਾ ਪਾਣੀ ਤੱਕ ਪਹੁੰਚ ਹੈ।
- ਤੁਹਾਡੇ ਪਾਲਤੂ ਜਾਨਵਰ ਦੇ ਉੱਪਰ ਛੱਤ ਅਤੇ ਬਿਸਤਰ ਹੈ।
- ਤੁਹਾਡੀ ਦੇਖਭਾਲ ਦੇ ਅਧੀਨ ਸਾਰੇ ਜਾਨਵਰਾਂ ਨੂੰ ਸਹੀ ਤਰ੍ਹਾਂ ਅਤੇ ਅਸਾਨੀ ਨਾਲ ਪਛਾਣਿਆ ਜਾ ਸਕਦਾ ਹੈ।
- ਤੁਹਾਡੀ ਘਰੇਲੂ ਐਮਰਜੈਂਸੀ ਕਿਟ ਵਿੱਚ ਤੁਹਾਡੇ ਪਸ਼ੂ ਚਿਕੱਤਸਕ/ਸਥਾਨਕ ਪਸ਼ੂ ਕਲਿਆਣ ਏਜੰਸੀ ਦੇ ਟੇਲੀਫੋਨ ਨੰਬਰ ਹਨ।
- ਤੁਸੀਂ ਕਦੇ ਵੀ ਛੱਤ ਅਤੇ ਬਿਸਤਰ ਤੋਂ ਬਿਨਾ ਕਿਸੇ ਜਾਨਵਰ ਨੂੰ ਬੰਨ੍ਹ ਕੇ ਜਾਂ ਜ਼ੰਜੀਰ ਵਿੱਚ ਨਹੀਂ ਛੱਡਦੇ।
- ਤੁਸੀਂ ਕਦੇ ਵੀ ਕਿਸੇ ਜਾਨਵਰ ਨੂੰ ਕਿਸੇ ਮੋਟਰ ਵਾਹਨ ਵਿੱਚ ਨਹੀਂ ਛੱਡਦੇ।

ਇਹ ਰਸਾਲਾ ਕੇਵਲ ਸੂਚਨਾ ਦੇਣ ਅਤੇ ਤੁਹਾਡੀ ਭਲਾਈ ਲਈ ਹੈ। ਸਮੁਦਾਏ ਸੁਰੱਖਿਆ ਵਿਭਾਗ, ਐਮਰਜੈਂਸੀ ਮੈਨੇਜਮੈਂਟ ਕਵੀਂਸਲੈਂਡ ਅਤੇ ਰਾਜ ਐਮਰਜੈਂਸੀ ਸੇਵਾ ਅਜਿਹੀ ਕਿਸੇ ਵੀ ਹਾਨੀ ਜਾਂ ਨੁਕਸਾਨ ( ਜ਼ਿਮਨੀ ਹਾਨੀ ਜਾਂ ਨੁਕਸਾਨ ਸਮੇਤ) ਦੀ ਜ਼ਿੰਮੇਵਾਰੀ ਨਹੀਂ ਲੈਂਦੀ ਜੋ ਕਿਸੇ ਵਿਅਕਤੀ ਨੂੰ ਇਸ ਰਸਾਲੇ ਵਿੱਚ ਦਿੱਤੀ ਸੂਚਨਾ ਤੇ ਨਿਰਭਰਤਾ ਦੇ ਸੰਬੰਧ ਵਿੱਚ ਸਹਿਣੀ ਪੈ ਸਕਦੀ ਹੈ ਜਾਂ ਕਿਸੇ ਢੰਗ ਨਾਲ ਹੋ ਸਕਦੀ ਹੈ ਜਾਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਤੋਂ ਉਤਪੰਨ ਹੋ ਸਕਦੀ ਹੈ।

© 2011 Department of Community Safety

**ਐਮਰਜੈਂਸੀ ਤਿਆਰੀਆਂ ਬਾਰੇ ਵਧੇਰੇ ਜਾਣਕਾਰੀ ਲਈ www.disaster.qld.gov.au ਤੇ ਜਾਓ।**

# ਆਪਣੇ ਪਾਲਤੂ ਜਾਨਵਰਾ ਦੀ ਐਮਰਜੈਂਸ ਯੋਜਨਾ ਬਣਾਓ

## ਐਮਰਜੈਂਸੀ ਕਿਟ ਜਾਂਚਸੂਚੀ (ਹਰੇਕ ਜਾਨਵਰ ਲਈ)

| | | | |
|---|---|---|---|
| ਪਛਾਣ ਵੇਰਵੇ | | ਬਿਸਤਰਾ, ਖਿਡੌਣੇ | |
| ਦਵਾਈਆਂ | | ਨਹਾਣ-ਧੋਣ ਦਾ ਸਮਾਨ | |
| | | ਭੋਜਨ, ਕੈਨ ਓਪਨਰ | |
| | | ਪਾਣੀ ਅਤੇ ਕਟੋਰੀ | |
| ਟੀਕਾਕਰਨ ਰਿਕਾਰਡ | | ਸੁਰੱਖਿਅਤ ਵਾਹਕ /ਪਿੰਜਰਾ, ਜ਼ੰਜੀਰ, ਕਵਚ | |
| ਪਸ਼ੂ ਚਿਕੱਤਸਕ ਦੇ ਵੇਰਵੇ | | ਸਫਾਈ ਦਾ ਸਮਾਨ | |

## ਪਾਲਤੂ ਜਾਨਵਰ ਦੀ ਚਿਕਿਤਸਾ ਜਾਣਕਾਰੀ

| ਨਾਂ | ਦਵਾਈ | ਖੁਰਾਕਾਂ ਅਤੇ ਕਿੰਨੀ ਵਾਰ ਲੈਣੀਆਂ ਹਨ |
|---|---|---|
| | | |
| | | |
| | | |

## ਜ਼ਰੂਰੀ ਟੈਲੀਫੋਨ ਨੰਬਰ

| | |
|---|---|
| ਪਸ਼ੂ ਚਿਕਿਤਸਾ ਐਮਰਜੈਂਸੀ ਕੇਂਦਰ | |
| ਆਰਐਸਪੀਸੀਏ<br>ਗਵਾਚੇ ਜਾਂ ਲੱਭੇ ਜਾਨਵਰ ਦੀ ਰਿਪੋਰਟ ਲਈ 1300 363 736 | 1300 animal<br>1300 264 625 |
| ਸਥਾਨਕ ਪਸ਼ੂ ਕਲਿਆਣ ਏਜੰਸੀ | |
| ਪਸ਼ੂ ਚਿਕੱਤਸਕ | |
| ਪੁਲਿਸ, ਫਾਇਰ ਅਤੇ ਐਂਬੂਲੈਂਸ (ਇਹਨਾਂ ਨੂੰ ਤਾਂ ਹੀ ਫੋਨ ਕਰੋ ਜੇਕਰ ਤੁਹਾਨੂੰ ਲੱਗਦਾ ਹੈ ਕਿ ਐਮਰਜੈਂਸੀ ਜੀਵਨ ਲਈ ਖਤਰਨਾਕ, ਸੰਕਟਮਈ ਜਾਂ ਗੰਭੀਰ ਹੈ) | ਐਮਰਜੈਂਸੀ: 000 ਟ੍ਰਿਪਲ ਜ਼ੀਰੋ (ਮੋਬਾਈਲ ਤੋਂ 112) |
| ਸਟੇਟ ਐਮਰਜੈਂਸੀ ਸਰਵਿਸ (ਐਸਈਐਸ) | 132 500 |
| ਸਥਾਨਕ ਪਰਿਸ਼ਦ | |
| ਪਾਲਤੂ ਜਾਨਵਰ ਬੀਮਾ ਪ੍ਰਦਾਤਾ | |
| ਪਾਲਤੂ ਜਾਨਵਰ ਸੰਬੰਧੀ ਸੂਚਨਾ ਅਤੇ ਸਲਾਹ ਸੇਵਾਵਾਂ | |
| ਦਫਤਰ | |
| ਦਫਤਰ | |
| ਗਵਾਂਢੀ | |
| ਗਵਾਂਢੀ | |

## ਘਰੇਲੂ ਸੰਪਰਕ ਵੇਰਵੇ

| ਨਾਂ | ਮੋਬਾਈਲ ਨੰਬਰ | ਈਮੇਲ ਪਤਾ |
|---|---|---|
| | | |
| | | |
| | | |
| | | |
| | | |
| | | |
| | | |

## ਨਿਯੁਕਤ ਘਰੇਲੂ ਐਮਰਜੈਂਸੀ ਸੰਪਰਕ

| | |
|---|---|
| ਨਿਕਟਤਮ ਸੰਪਰਕ ਨਾਂ | |
| ਪਤਾ | |
| ਘਰ/ਦਫਤਰ ਦੇ ਫੋਨ ਨੰਬਰ | |
| ਈਮੇਲ ਪਤਾ | |
| ਸ਼ਹਿਰ ਦੇ ਬਾਹਰ ਦਾ ਸੰਪਰਕ ਨਾਂ | |
| ਪਤਾ | |
| ਲੈਂਡਲਾਇਨ/ਮੋਬਾਈਲ ਨੰਬਰ | |
| ਈਮੇਲ ਪਤਾ | |

ਇਹ ਰਸਾਲਾ ਕੇਵਲ ਸੂਚਨਾ ਦੇਣ ਅਤੇ ਤੁਹਾਡੀ ਭਲਾਈ ਲਈ ਹੈ। ਸਮੁਦਾਏ ਸੁਰੱਖਿਆ ਵਿਭਾਗ, ਐਮਰਜੈਂਸੀ ਮੈਨੇਜਮੈਂਟ ਕਵੀਂਸਲੈਂਡ ਅਤੇ ਰਾਜ ਐਮਰਜੈਂਸੀ ਸੇਵਾ ਅਜਿਹੀ ਕਿਸੇ ਵੀ ਹਾਨੀ ਜਾਂ ਨੁਕਸਾਨ ( ਜ਼ਿਮਨੀ ਹਾਨੀ ਜਾਂ ਨੁਕਸਾਨ ਸਮੇਤ) ਦੀ ਜ਼ਿੰਮੇਵਾਰੀ ਨਹੀਂ ਲੈਂਦੀ ਜੋ ਕਿਸੇ ਵਿਅਕਤੀ ਨੂੰ ਇਸ ਰਸਾਲੇ ਵਿੱਚ ਦਿੱਤੀ ਸੂਚਨਾ ਤੇ ਨਿਰਭਰਤਾ ਦੇ ਸੰਬੰਧ ਵਿੱਚ ਸਹਿਣੀ ਪੈ ਸਕਦੀ ਹੈ ਜਾਂ ਕਿਸੇ ਢੰਗ ਨਾਲ ਹੋ ਸਕਦੀ ਹੈ ਜਾਂ ਪ੍ਰਤੱਖ ਜਾਂ ਅਪ੍ਰਤੱਖ ਰੂਪ ਤੋਂ ਉਤਪੰਨ ਹੋ ਸਕਦੀ ਹੈ।

**ਐਮਰਜੈਂਸੀ ਤਿਆਰੀਆਂ ਬਾਰੇ ਵਧੇਰੇ ਜਾਣਕਾਰੀ ਲਈ www.disaster.qld.gov.au ਤੇ ਜਾਓ।**



Queensland Government